ਸਾਡੇ ਭਾਈਚਾਰਿਆਂ
ਨੂੰ ਜੋੜ ਰਿਹਾ ਹੈ

# ਪੁਆਇੰਟ ਕੁੱਕ ਰੋਡ ਅਤੇ ਸਨੇਡਜ਼ ਰੋਡ ਇੰਟਰਸੈਕਸ਼ਨ (ਚੌਰਾਹਾ) ਅੱਪਗਰੇਡ

**ਜਾਣਕਾਰੀ ਅੱਪਡੇਟ**
ਨਵੰਬਰ 2021




## ਵਿਕਟੋਰੀਆ ਦੀ ਸਰਕਾਰ ਟ੍ਰੈਫਿਕ ਦੇ ਪ੍ਰਵਾਹ ਅਤੇ ਸੁਰੱਖਿਆ ਨੂੰ ਬਿਹਤਰ ਬਣਾਉਣ ਲਈ ਪੁਆਇੰਟ ਕੁੱਕ ਰੋਡ ਅਤੇ ਸਨੇਡਜ਼ ਰੋਡ ਦੇ ਇੰਟਰਸੈਕਸ਼ਨ ਵਿੱਚ 15.2 ਮਿਲੀਅਨ ਡਾਲਰ ਦਾ ਨਿਵੇਸ਼ ਕਰ ਰਹੀ ਹੈ।

**ਅਸੀਂ ਆਪਣੀਆਂ ਸੜਕਾਂ ਨੂੰ ਸੁਰੱਖਿਅਤ ਬਣਾਉਣ ਅਤੇ ਆਰਥਿਕ ਮੁੜ-ਬਹਾਲੀ ਵਿੱਚ ਮੱਦਦ ਕਰਨ ਲਈ 117 ਮਿਲੀਅਨ ਡਾਲਰ ਪ੍ਰੋਗਰਾਮ ਦੇ ਹਿੱਸੇ ਵਜੋਂ ਪੁਆਇੰਟ ਕੁੱਕ ਰੋਡ ਅਤੇ ਸਨੇਡਜ਼ ਰੋਡ ਇੰਟਰਸੈਕਸ਼ਨ ਨੂੰ ਅੱਪਗ੍ਰੇਡ ਕਰਕੇ ਡਰਾਈਵਰਾਂ ਨੂੰ ਸੁਰੱਖਿਅਤ ਢੰਗ ਨਾਲ ਉਨ੍ਹਾਂ ਦੀਆਂ ਮੰਜ਼ਿਲਾਂ 'ਤੇ ਜਲਦੀ ਪਹੁੰਚਣ ਵਿੱਚ ਮੱਦਦ ਕਰ ਰਹੇ ਹਾਂ।**

### ਅਸੀਂ ਕੀ ਕਰ ਰਹੇ ਹਾਂ

ਇੱਥੇ ਲਗਭਗ 32,000 ਵਾਹਨ ਹਨ ਜੋ ਪ੍ਰਤੀ ਦਿਨ ਪੁਆਇੰਟ ਕੁੱਕ ਰੋਡ 'ਤੇ ਚੱਲਦੇ ਹਨ ਅਤੇ ਲਗਭਗ 11,000 ਸਨੇਡਜ਼ ਰੋਡ 'ਤੇ ਚੱਲਦੇ ਹਨ। ਮੌਜੂਦਾ ਇੰਟਰਸੈਕਸ਼ਨ (ਚੌਰਾਹਾ ਲਾਂਘਾ) ਹੁਣ ਇਸ ਵਧ ਰਹੇ ਭਾਈਚਾਰੇ ਦੀਆਂ ਵਾਹਨ ਅਤੇ ਪੈਦਲ ਚੱਲਣ ਦੀਆਂ ਮੰਗਾਂ ਨੂੰ ਪ੍ਰਭਾਵਸ਼ਾਲੀ ਜਾਂ ਸੁਰੱਖਿਅਤ ਢੰਗ ਨਾਲ ਪੂਰਾ ਨਹੀਂ ਕਰ ਸਕਦਾ ਹੈ।

ਚੌਰਾਹੇ 'ਤੇ ਨਵੀਆਂ ਟ੍ਰੈਫਿਕ ਲਾਈਟਾਂ (ਬੱਤੀਆਂ) ਲਗਾ ਕੇ ਅਤੇ ਪੁਆਇੰਟ ਕੁੱਕ ਰੋਡ ਨੂੰ ਚੌੜਾ ਕਰਕੇ, ਅਸੀਂ ਇਹ ਕਰਾਂਗੇ:

- ਪੁਆਇੰਟ ਕੁੱਕ ਰੋਡ ਅਤੇ ਸਨੇਡਜ਼ ਰੋਡ 'ਤੇ ਆਵਾਜਾਈ ਦੇ ਪ੍ਰਵਾਹ ਨੂੰ ਬਿਹਤਰ ਬਣਾਵਾਂਗੇ
- ਚੌਰਾਹੇ 'ਤੇ ਦੁਰਘਟਨਾਵਾਂ ਦੀ ਗਿਣਤੀ ਨੂੰ ਘਟਾਵਾਂਗੇ
- ਮੋੜ ਮੁੜਨ ਵਾਲੇ ਵਾਹਨਾਂ ਲਈ ਦਿੱਖ ਅਤੇ ਸੁਰੱਖਿਆ ਵਧਾਵਾਂਗੇ
- ਪੈਦਲ ਚੱਲਣ ਵਾਲਿਆਂ ਅਤੇ ਸਾਈਕਲ ਸਵਾਰਾਂ ਲਈ ਬੱਸ ਅੱਡਿਆਂ ਤੱਕ ਪਹੁੰਚ ਅਤੇ ਪੁਆਇੰਟ ਕੁੱਕ ਰੋਡ ਅਤੇ ਸਨੇਡਜ਼ ਰੋਡ ਨੂੰ ਪਾਰ ਕਰਨ ਲਈ ਸੁਰੱਖਿਅਤ ਲਾਂਘੇ ਪ੍ਰਦਾਨ ਕਰਾਂਗੇ।

### ਪ੍ਰੋਜੈਕਟ ਦਾ ਘੇਰਾ

ਅਸੀਂ ਪੁਆਇੰਟ ਕੁੱਕ ਰੋਡ ਅਤੇ ਸਨੇਡਜ਼ ਰੋਡ ਦੇ ਇੰਟਰਸੈਕਸ਼ਨ 'ਤੇ ਹੇਠਾਂ ਦਿੱਤੇ ਸੁਧਾਰ ਕਰਾਂਗੇ:

- ਇੰਟਰਸੈਕਸ਼ਨ 'ਤੇ ਨਵੀਆਂ ਟ੍ਰੈਫਿਕ ਲਾਈਟਾਂ (ਬੱਤੀਆਂ) ਲਗਾਉਣਾ
- ਟ੍ਰੈਫਿਕ ਲਾਈਟਾਂ 'ਤੇ ਪੈਦਲ ਚੱਲਣ ਵਾਲੇ ਲਾਂਘੇ ਬਣਾਉਣਾ
- ਜੈਮੀਸਨ ਵੇਅ ਅਤੇ ਗ੍ਰੈਮਰਸੀ ਬੁਲੇਵਾਰਡ ਦੇ ਵਿਚਕਾਰ ਪੁਆਇੰਟ ਕੁੱਕ ਰੋਡ ਦੀਆਂ ਆਵਾਜਾਈ ਲੇਨਾਂ ਨੂੰ ਚੌੜਾ ਕਰਨਾ
- ਲਾਈਨ ਵਾਲੇ ਨਿਸ਼ਾਨਾਂ ਨੂੰ ਅੱਪਡੇਟ ਕਰਨਾ
- ਇੰਟਰਸੈਕਸ਼ਨ 'ਤੇ ਰੋਸ਼ਨੀ ਵਾਲੀਆਂ ਲਾਈਟਾਂ ਨੂੰ ਅੱਪਗ੍ਰੇਡ ਕਰਨਾ
- ਪੈਦਲ ਚੱਲਣ ਅਤੇ ਸਾਈਕਲ ਚਲਾਉਣ ਵਾਲੇ ਲੋਕਾਂ ਲਈ ਸਾਂਝੇ ਵਰਤਣ ਵਾਲੇ ਰਸਤਿਆਂ ਨੂੰ ਅੱਪਗ੍ਰੇਡ ਕਰਨਾ ਅਤੇ ਚੌੜਾ ਕਰਨਾ।



vicroads
VICTORIA State Government
Department of Transport

## ਪ੍ਰੋਜੈਕਟ ਸਮਾਂ-ਸਾਰਣੀ

ਤੁਸੀਂ ਆਉਣ ਵਾਲੇ ਮਹੀਨਿਆਂ ਵਿੱਚ ਕੁਝ ਕੰਮ ਹੁੰਦਾ ਹੋ ਰਿਹਾ ਦੇਖ ਸਕਦੇ ਹੋ ਕਿਉਂਕਿ ਅਸੀਂ ਗੈਸ, ਬਿਜਲੀ, ਪਾਣੀ ਅਤੇ ਦੂਰਸੰਚਾਰ ਸਮੇਤ ਜ਼ਰੂਰੀ ਸੇਵਾਵਾਂ ਦਾ ਸਥਾਨ ਲੱਭਦੇ ਅਤੇ ਬਦਲ ਰਹੇ ਹਾਂ।

ਕਿਸੇ ਵੀ ਉਸਾਰੀ ਦੇ ਪ੍ਰਭਾਵਾਂ ਬਾਰੇ ਦੱਸਣ ਲਈ ਕੰਮ ਦੀ ਸ਼ੁਰੂਆਤ ਦੇ ਨੇੜੇ ਅਸੀਂ ਤੁਹਾਨੂੰ ਦੁਬਾਰਾ ਸੰਪਰਕ ਕਰਾਂਗੇ।

| ਪ੍ਰੋਜੈਕਟ ਫੰਡ ਕੀਤਾ ਗਿਆ | ਅੰਤਮ ਪ੍ਰੋਜੈਕਟ ਡਿਜ਼ਾਈਨ | ਸੇਵਾ ਪਛਾਣ | ਸੇਵਾ ਸਥਾਨ ਬਦਲੀ | ਮੁੱਖ ਨਿਰਮਾਣ ਸ਼ੁਰੂ ਹੁੰਦਾ ਹੈ | ਪ੍ਰੋਜੈਕਟ ਪੂਰਾ ਹੋ ਗਿਆ ਹੈ |
|---|---|---|---|---|---|
| ਕੰਮ ਪੂਰਾ ਹੋ ਗਿਆ ਹੈ | ਕੰਮ ਪੂਰਾ ਹੋ ਗਿਆ ਹੈ | ਕੰਮ ਚੱਲ ਰਿਹਾ ਹੈ | 2022 ਦੇ ਸ਼ੁਰੂ ਵਿੱਚ | 2022 ਦੇ ਮੱਧ ਵਿੱਚ | 2023 ਦੇ ਮੱਧ ਵਿੱਚ |




## ਪ੍ਰੋਜੈਕਟ ਦੀ ਮਹੱਤਵਪੂਰਨ ਜਾਣਕਾਰੀ

ਫ਼ੇਟ ਵੱਜ ਕੇ ਟੱਕਰ ਹੋਣ ਦੇ ਖਤਰੇ ਨੂੰ ਖਤਮ ਕਰਨ ਲਈ ਹੁਣ ਵਾਹਨ ਪੁਆਇੰਟ ਕੁੱਕ ਰੋਡ ਦੇ ਪਾਰ ਸੱਜੇ ਮੁੜਨ ਦੇ ਯੋਗ ਨਹੀਂ ਹੋਣਗੇ।

ਸਾਡਾ ਸੜਕ ਸੁਰੱਖਿਆ ਮੁਲਾਂਕਣ ਦਰਸਾਉਂਦਾ ਹੈ ਕਿ ਡਰਾਈਵਰਾਂ ਲਈ ਕਈ ਲੇਨਾਂ ਨੂੰ ਪਾਰ ਕਰਦੇ ਹੋਏ ਇਹਨਾਂ ਸੱਜੇ ਮੋੜ ਮੁੜਨਾ ਦੀਆਂ ਹਰਕਤਾਂ ਕਰਨਾ ਸੁਰੱਖਿਅਤ ਨਹੀਂ ਹੈ।

### ਮਿਡਲ ਪਾਰਕ ਡਰਾਈਵ ਤੋਂ ਗੱਡੀ ਬਾਹਰ ਕੱਢਣ ਲਈ ਸਥਾਈ ਤਬਦੀਲੀਆਂ:

- ਉਹ ਵਾਹਨ ਜੋ ਮਿਡਲ ਪਾਰਕ ਡ੍ਰਾਈਵ ਵਿੱਚ ਦਾਖਲ ਹੋਣਾ ਚਾਹੁੰਦੇ ਹਨ, ਜੈਮੀਸਨ ਵੇਅ/ਸੈਂਕਚੁਰੀ ਲੇਕਸ ਬੁਲੇਵਾਰਡ ਰਾਊਂਡ ਅਬੋਟ (ਗੋਲ ਚੱਕਰ) ਦੀ ਵਰਤੋਂ ਕਰਕੇ, ਪੁਆਇੰਟ ਕੁੱਕ ਰੋਡ ਦੇ ਨਾਲ ਦੱਖਣ ਵੱਲ ਜਾ ਕੇ ਅਤੇ ਮਿਡਲ ਪਾਰਕ ਡਰਾਈਵ ਵਿੱਚ ਖੱਬੇ ਪਾਸੇ ਮੁੜ ਕੇ ਅਜਿਹਾ ਕਰਨ ਦੇ ਯੋਗ ਹੋਣਗੇ।
- ਜਿਹੜੇ ਵਾਹਨ ਜੈਮੀਸਨ ਵੇਅ/ਸੈਂਕਚੁਰੀ ਲੇਕਸ ਬੁਲੇਵਾਰਡ ਵੱਲ ਜਾਣ ਲਈ ਮਿਡਲ ਪਾਰਕ ਡਰਾਈਵ ਤੋਂ ਬਾਹਰ ਨਿਕਲਣਾ ਚਾਹੁੰਦੇ ਹਨ, ਉਹਨਾਂ ਨੂੰ ਪੁਆਇੰਟ ਕੁੱਕ ਰੋਡ 'ਤੇ ਖੱਬੇ ਪਾਸੇ ਮੁੜਨ ਦੀ ਲੋੜ ਹੋਵੇਗੀ ਅਤੇ ਫਿਰ ਸਨੇਡਜ਼ ਰੋਡ 'ਤੇ ਨਵੇਂ ਸਿਗਨਲ ਵਾਲੇ ਚੌਰਾਹੇ 'ਤੇ ਯੂ-ਟਰਨ ਮਾਰਨ ਦੀ ਲੋੜ ਹੋਵੇਗੀ।

### ਪੁਆਇੰਟ ਕੁੱਕ ਵਿਲੇਜ ਵਿੱਚੋਂ ਵਾਹਨ ਬਾਹਰ ਕੱਢਣ ਲਈ ਸਥਾਈ ਤਬਦੀਲੀਆਂ:

- ਜੋ ਵਾਹਨ ਪੁਆਇੰਟ ਕੁੱਕ ਵਿਲੇਜ ਵਿੱਚ ਦਾਖਲ ਹੋਣਾ ਚਾਹੁੰਦੇ ਹਨ ਉਹ ਆਮ ਵਾਂਗ ਅਜਿਹਾ ਕਰਨ ਦੇ ਯੋਗ ਹੋਣਗੇ।
- ਪੁਆਇੰਟ ਕੁੱਕ ਵਿਲੇਜ ਤੋਂ ਬਾਹਰ ਨਿਕਲਣ ਵਾਲੇ ਵਾਹਨਾਂ ਨੂੰ ਸਨੇਡਜ਼ ਰੋਡ ਵੱਲ ਜਾਣ ਲਈ ਖੱਬੇ ਮੁੜਨ ਦੀ ਲੋੜ ਹੋਵੇਗੀ ਅਤੇ ਫਿਰ ਜੈਮੀਸਨ ਵੇਅ/ਸੈਂਕਚੁਰੀ ਲੇਕਸ ਬੁਲੇਵਾਰਡ ਦੇ ਰਾਊਂਡ ਅਬੋਟ (ਗੋਲ ਚੱਕਰ) ਦੀ ਵਰਤੋਂ ਕਰਨੀ ਪਵੇਗੀ।

### ਕੀ ਤੁਸੀਂ ਰੁੱਖਾਂ ਨੂੰ ਹਟਾ ਰਹੇ ਹੋ?

ਸੁਰੱਖਿਆ ਅੱਪਗ੍ਰੇਡ ਕਰਨ ਲਈ ਸਾਨੂੰ ਪੁਆਇੰਟ ਕੁੱਕ ਰੋਡ ਦੇ ਪੂਰਬੀ ਅਤੇ ਪੱਛਮੀ ਪਾਸੇ, ਸਨੇਡਜ਼ ਰੋਡ ਅਤੇ ਜੈਮੀਸਨ ਵੇਅ ਦੇ ਵਿਚਕਾਰ ਰੁੱਖਾਂ ਨੂੰ ਹਟਾਉਣ ਦੀ ਲੋੜ ਹੋਵੇਗੀ। ਅਸੀਂ ਇਹ ਯਕੀਨੀ ਬਣਾਉਣ ਲਈ ਵਿੰਡਹਮ ਸਿਟੀ ਕੌਂਸਲ ਨਾਲ ਮਿਲਕੇ ਕੰਮ ਕੀਤਾ ਹੈ ਕਿ ਰੁੱਖਾਂ ਨੂੰ ਘੱਟ ਤੋਂ ਘੱਟ ਕੱਟਿਆ ਜਾਵੇ।
ਵਿੰਡਹਮ ਸਿਟੀ ਕੌਂਸਲ ਦੀ ਮਲਕੀਅਤ ਵਾਲੇ ਸਾਰੇ ਦਰੱਖਤ ਜਿਨ੍ਹਾਂ ਨੂੰ ਹਟਾਉਣ ਦੀ ਲੋੜ ਹੈ, ਨੂੰ ਦੁਬਾਰਾ ਲਗਾਉਣ ਲਈ ਵਿਚਾਰ ਕੀਤਾ ਜਾਵੇਗਾ।

### ਹੋਰ ਜਾਣਕਾਰੀ ਚਾਹੁੰਦੇ ਹੋ?

ਨਾਮ ਦਰਜ (ਸਾਇਨ ਅਪ) ਕਰੋ

ਜੇ ਤੁਸੀਂ ਪ੍ਰੋਜੈਕਟ ਦੇ ਨਾਲ ਤਾਜ਼ਾ ਜਾਣਕਾਰੀ ਰੱਖਣਾ ਚਾਹੁੰਦੇ ਹੋ, ਤਾਂ ਵੈੱਬਸਾਈਟ 'ਤੇ ਜਾ ਕੇ ਸਾਡੀ ਮੇਲਿੰਗ ਸੂਚੀ ਦੀ ਗਾਹਕੀ ਲਓ। ਇਹ ਅੱਪਡੇਟ ਸਾਡੀ ਵੈੱਬਸਾਈਟ 'ਤੇ ਮੈਂਡਰਿਨ, ਹਿੰਦੀ, ਕੈਂਟੋਨੀਜ਼, ਇੰਡੋਨੇਸ਼ੀਆਈ ਅਤੇ ਪੰਜਾਬੀ ਵਿੱਚ ਵੀ ਉਪਲਬਧ ਹੈ।

ਸਵਾਲ?

ਵਧੇਰੇ ਜਾਣਕਾਰੀ ਲਈ ਵੈੱਬਸਾਈਟ ਦੇਖੋ ਜਾਂ ਈਮੇਲ ਰਾਹੀਂ ਪ੍ਰੋਜੈਕਟ ਟੀਮ ਨਾਲ ਸੰਪਰਕ ਕਰੋ।

### ਹੋਰ ਜਾਣਕਾਰੀ ਲਈ

ਵੈੱਬਸਾਈਟ: vicroads.vic.gov.au ਅਤੇ 'ਪੁਆਇੰਟ ਕੁੱਕ ਰੋਡ ਅਤੇ ਸਨੇਡਜ਼ ਰੋਡ ਇੰਟਰਸੈਕਸ਼ਨ ਅੱਪਗ੍ਰੇਡ' ਬਾਰੇ ਜਾਕਾਰੀ ਲੱਭੋ

ਫ਼ੋਨ: **13 11 71** (TTY **13 36 77**, ਸਪੀਕ ਐਂਡ ਲਿਸਨ (ਬੋਲੋ ਅਤੇ ਸੁਣੋ) **1300 555 727**)

ਈਮੇਲ: MNW.Communications@roads.vic.gov.au

vicroads.vic.gov.au

PTVH5189 STU03211 11.21 Authorised by the Department of Transport, 1 Spring Street, Melbourne